# ਆਮ ਆਦਮੀ ਪਾਰਟੀ ਨੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦਾ ਯੂਥ ਮੈਨੀਫੈਸਟੋ ਰਿਲੀਜ਼ ਕੀਤਾ

**ਅੰਮ੍ਰਿਤਸਰ** - ਆਮ ਆਦਮੀ ਪਾਰਟੀ ਨੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨੇਜਰ 51 ਸੂਤਰੀ ਯੂਥ ਮੈਨੀਫੈਸਟੋ ਰਿਲੀਜ਼ ਕਰ ਦਿੱਤਾ ਹੈ। ਅੰਮ੍ਰਿਤਸਰ 'ਚ ਇਕ ਵੱਡੀ ਰੈਲੀ ਕਰਕੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਯੂਥ ਦਾ ਚੋਣ ਮੈਨੀਫੈਸਟੋ ਜਾਰੀ ਕੀਤਾ ਏ। ਪ੍ਰਮੁੱਖ ਤੌਰ ਉਤੇ ਮੈਨੀਫੈਸਟੋ ਨੂੰ 5 ਭਾਗਾਂ 'ਚ ਵੰਡਿਆ ਗਿਆ। ਸਭ ਤੋਂ ਖਾਸ ਹੈ ਦਿੱਲੀ ਵਾਂਗ ਪੰਜਾਬ ਦੇ ਪਿੰਡਾਂ ਵਿੱਚ ਮੁਫਤ ਵਾਈਫਾਈ ਸਹੂਲਤ ਦੇਣ ਦਾ ਵਾਅਦਾ ਵੀ ਕੀਤਾ ਗਿਆ ਹੈ। ਮੁਫਤ ਵਾਈਫਾਈ ਪਿੰਡਾਂ ਦੇ ਨਾਲ ਨਾਲ ਵਿਦਿਅਕ ਸੰਸਥਾਵਾਂ ਵਿੱਚ ਵੀ ਮਿਲੇਗਾ¢। 1. ਰੋਜ਼ਗਾਰ 2. ਨਸ਼ਾ ਵਿਰੋਧੀ ਮੁਹਿੰਮ 3. ਸਕੂਲੀ ਸਿੱਖਿਆ 4. ਉੱਚ ਸਿੱਖਿਆ ਅਤੇ 5. ਖੇਡਾਂ ਆਮ ਆਦਮੀ ਪਾਰਟੀ ਨੇ ਸਭ ਤੋਂ ਪਹਿਲਾਂ ਵਾਅਦਾ ਨੌਕਰੀ ਦਾ ਕੀਤਾ ਹੈ ਜਿਸ ਤਹਿਤ ਜੇਕਰ ਸੂਬੇ 'ਚ 2017 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਸੂਬੇ 'ਚ 25 ਲੱਖ ਨੌਕਰੀਆਂ ਅਤੇ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣਗੇ।

ਨੌਕਰੀਆਂ ਤੇ ਹੋਰ ਕੰਮਾਂ 'ਚੋਂ ਭ੍ਰਿਸ਼ਟਾਚਾਰ ਖਤਮ ਕਰਨ ਲਈ ਪੂਰੀਆਂ ਸ਼ਕਤੀਆਂ ਵਾਲਾ ਜਨਲੋਕਪਾਲ ਬਿੱਲ ਲਿਆਉਣਾ ਰੋਜ਼ਗਾਰ ਦੇਣ ਦੇ ਮੰਤਵ ਨਾਲ ਸਿਆਸੀ ਲੀਡਰਾਂ ਅਤੇ ਮਾਫੀਆ ਦੇ ਕਬਜੇ ਹੇਠੋਂ ਸ਼ਰਾਬ, ਰੇਤਾ, ਬਜਰੀ ਅਤੇ ਟ੍ਰਾਂਸਪੋਰਟ ਜਿਹੇ ਧੰਦਿਆਂ ਨੂੰ ਹਟਾਉਣਾ ਤੇ ਆਉਂਦੇ ਸਮੇਂ 'ਚ ਸਾਰੇ ਠੇਕਿਆਂ ਤੋਂ ਸਿਆਸੀ ਪਰਿਵਾਰਾਂ ਦਾ ਦਬਦਬਾ ਖਤਮ ਕਰਨਾ ਤੇ ਸਾਰੇ ਕੰਮਾਂ 'ਤੇ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਇਆ ਕਰਵਾਉਣਾ। ਤਾਮਿਲਨਾਡੂ ਦੀ ਤਰਜ਼ 'ਤੇ ਰੇਤਾ, ਬਜਰੀ ਅਤੇ ਟ੍ਰਾਂਸਪੋਰਟ ਦੇ ਧੰਦਿਆਂ ਬਾਰੇ ਕਾਰਪੋਰਸ਼ਨ ਬਣਾ ਕੇ ਵੱਡੇ ਪੱਧਰ 'ਤੇ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਇਆ ਕਰਵਾਉਣ ਦਾ ਦਾਅਵਾ ਯੂਥ ਦੇ ਚੋਣ ਮੈਨੀਫੈਸਟੋ 'ਚ ਕੀਤਾ ਗਿਆ ਏ।

'ਵਿਦੇਸ਼ੀ ਰੋਜ਼ਗਾਰ ਨੌਜਵਾਨ ਬੋਰਡ' ਦਾ ਗਠਨ ਕਰਨਾ...ਜਿਸ ਜ਼ਰੀਏ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ 'ਚ ਜਾਣ ਵਾਲੇ ਨੌਜਵਾਨਾਂ ਦਾ ਸਹੀ ਮਾਰਗ ਦਰਸ਼ਨ ਕਰਨਾ ਅਤੇ ਵੱਖੋ-ਵੱਖ ਸਫਾਰਤਖਾਨਿਆਂ ਨਾਲ ਸੰਪਰਕ ਕਰਕੇ ਸਬੰਧਤ ਮੁਲਕਾਂ 'ਚ ਕਾਨੂੰਨੀ ਤਰੀਕੇ ਨਾਲ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਇਆ ਕਰਵਾਉਣਾ...ਇਨ੍ਹਾਂ ਹੀ ਨਹੀਂ ਚੋਣ ਮੈਨੀਫੈਸਟੋ 'ਚ ਸਾਰੇ ਹੀ ਏਜੰਟਾਂ ਨੂੰ ਕਾਨੂੰਨ ਦੇ ਦਾਇਰੇ ਹੇਠ ਲੈਕੇ ਆਉਣ ਦੀ ਵੀ ਤਜਵੀਜ਼ ਏ ਤਾਂ ਕੀ ਗੈਰ-ਕਾਨੂੰਨੀ ਢੰਗ ਏਜੰਟਾਂ ਦੇ ਸਬਜਬਾਗ ਦਿਖਾਉਣ ਤੋਂ ਬਾਅਦ ਕੋਈ ਵੀ ਨੌਜਵਾਨ ਜਾਨ ਜੋਖਿਮ 'ਚ ਪਾ ਕੇ ਵਿਦੇਸ਼ ਨਾ ਜਾਵੇ। ਚੋਣ ਮੈਨੀਫੈਸਟੋ 'ਚ ਇਹ ਵਾਅਦਾ ਕੀਤਾ ਗਿਆ ਏ ਦੋਆਬਾ ਖੇਤਰ 'ਚ ਕਾਂਸ਼ੀਰਾਮ ਸਕਿੱਲ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਜਾਏਗੀ ਤਾਂ ਨੌਜਵਾਨਾਂ ਨੂੰ ਰੋਜ਼ਗਾਰ ਹਾਸਿਲ ਕਰਨ 'ਚ ਜ਼ਿਆਦਾ ਦਿੱਕਤਾਂ ਦਾ ਸਾਹਮਣਾ ਨਾ ਕਰਨਾ ਪਏ।

ਚੋਣ ਮੈਨੀਫੈਸਟੋ 'ਚ ਮੌਜੂਦਾ 9"9 ਸੀ ਦਾ ਰੂਪ ਬਦਲਣ ਦੀ ਵੀ ਤਜਵੀਜ਼ ਰੱਖੀ ਗਈ ਏ। ਪੰਜਾਬ ਦੀਆਂ ਸਾਰੀਆਂ ਹੀ ਆਈਟੀਆਈਸ ਦੀ ਸਮਰੱਥਾ ਦੁਗਣੀ ਕਰਨ ਦਾ ਦਾਅਵਾ ਵੀ ਮੈਨੀਫੈਸਟੋ 'ਚ ਕੀਤਾ ਗਿਆ ਏ। ਇਨ੍ਹਾਂ ਹੀ ਨਹੀਂ ਪਿੰਡ, ਬਲਾਕ ਪੱਧਰ 'ਤੇ ਕਿੱਤਾ ਮੁਖੀ ਟ੍ਰੇਨਿੰਗ ਸੈਂਟਰ ਖੋਲਣ ਦੀ ਵੀ ਗੱਲ ਮੈਨੀਫੈਸਟੋ 'ਚ ਕੀਤੀ ਗਈ ਏ।


ਰੋਜ਼ਗਾਰ ਦੇਣ ਦੇ ਸਬੰਧ 'ਚ ਜੋ ਵੱਡੀ ਰਾਹਤ ਨੌਜਵਾਨਾਂ ਨੂੰ ਦੇਣ ਦੀ ਗੱਲ ਕਹੀਂ ਗਈ ਏ ਉਸ 'ਚ ਸਰਕਾਰੀ ਨੌਕਰੀਆਂ 'ਚ ਲਈ ਜਾਣ ਵਾਲੀ ਫੀਸ ਨੂੰ ਖਤਮ ਕਰਨ ਦਾ ਐਲਾਨ ਕੀਤਾ ਗਿਆ ਏ। ਕਿਸੇ ਵੀ ਸਰਕਾਰੀ ਅਸਾਮੀ ਲਈ ਭਰੀ ਜਾਣ ਵਾਲੀ ਫੀਸ ਆਮ ਆਦਮੀ ਪਾਰਟੀ ਨੇ ਇਕਰਾਰ ਕੀਤਾ ਏ ਕੀ ਸਰਕਾਰ ਬਣਨ 'ਤੇ ਨਹੀਂ ਲਈ ਜਾਏਗੀ। ਇਸ ਤੋਂ ਇਲਾਵਾ ਚੋਣ ਮੈਨੀਫੈਸਟੋ 'ਚ ਇਹ ਵੀ ਵਾਅਦਾ ਕੀਤਾ ਗਿਆ ਏ ਕੀ ਮੌਜੂਦਾ ਠੇਕੇ 'ਤੇ ਸਰਕਾਰੀ ਅਦਾਰਿਆਂ 'ਚ ਨੌਕਰੀ ਲੱਗੇ ਮੁਲਾਜ਼ਮਾਂ ਦੇ ਸਾਰੇ ਵਰਗਾਂ ਨਾਲ ਗੰਭੀਰਤਾ ਨਾਲ ਸਾਰੇ ਮੁੱਦੇ ਵਿਚਾਰੇ ਜਾਣਗੇ।



ਚੋਣ ਮੈਨੀਫੈਸਟੋ 'ਚ ਰੋਜ਼ਗਾਰ ਤੋਂ ਬਾਅਦ ਨਸ਼ਾ ਵਿਰੋਧੀ ਮੁਹਿੰਮ ਨੂੰ ਦੂਜੇ ਨੰਬਰ 'ਤੇ ਰੱਖਿਆ ਗਿਆ ਏ ਜਿਸ ਦਾ ਸਭ ਤੋਂ ਪਹਿਲਾਂ ਦਾਅਵਾ ਕੀਤਾ ਗਿਆ ਕੀ ਨਸ਼ੇ ਦੀ ਸਪਲਾਈ ਚੇਨ ਨੂੰ 1 ਮਹੀਨੇ ਦੇ ਅੰਦਰ ਅੰਦਰ ਖਤਮ ਕਰ ਦਿੱਤਾ ਜਾਏਗਾ। ਇਸਦੇ ਨਾਲ ਪੰਜਾਬ 'ਚ ਇਕ ਡਰੱਗ ਟਾਸਕ ਫੋਰਸ ਬਣਾਈ ਜਾਏਗੀ ਜੋ ਕੀ ਨਸ਼ਿਆਂ ਨੂੰ ਨੱਥ ਪਾਉਣ ਲਈ ਹਰ ਵੇਲੇ ਸਰਗਰਮ ਰਹੇਗੀ।

ਪੰਜਾਬ 'ਚ ਨਸ਼ਾ ਸਪਲਾਈ ਅਤੇ ਵੇਚਣ ਵਾਲਿਆਂ ਲਈ ਖਾਸ ਕਾਨੂੰਨ ਬਣਾ ਕੇ ਮੁਜਰਮ ਨੂੰ ਮੌਤ ਤੱਕ ਉਮਰ ਕੈਦ ਅਤੇ ਸਾਰੀ ਜਾਇਦਾਦ ਜ਼ਬਤ ਕਰਨ ਦੀ ਤਜਵੀਜ਼ ਰੱਖੀ ਗਈ ਏ। ਸਰਕਾਰੀ ਨਸ਼ਾ ਕੇਂਦਰਾਂ 'ਚ ਮਰੀਜ਼ ਦਾ ਮੁਫਤ ਇਲਾਜ ਅਤੇ ਪ੍ਰਾਈਵੇਟ ਨਸ਼ਾ ਛਡਾਊ ਕੇਂਦਰ ਦੀ ਫੀਸ ਨਿਰਾਧਰ ਕਰਨਾ, ਨੌਜਵਾਨਾਂ 'ਤੇ ਨਸ਼ਾਖੋਰੀ ਦੀ ਆੜ 'ਚ ਸਿਆਸੀ ਰੰਜਿਸ਼ ਦੇ ਪਾਏ ਗਏ ਸਾਰੇ ਮਾਮਲੇ ਰੱਦ ਕਰਨਾ, ਹਰ ਪਿੰਡ ਅਤੇ ਸ਼ਹਿਰ 'ਚ ਸਿਹਤ ਕਲੀਨਿਕ ਤੇ ਮੁਫਤ ਦਵਾਈਆਂ ਦੇ ਨਾਲ ਨਾਲ ਟੈਸਟ ਵੀ ਮੁਫਤ ਕਰਨ ਦਾ ਦਾਅਵਾ ਸਥਾਨਿਕ ਤੇ ਪੰਚਾਇਤੀ ਚੋਣਾਂ ਵੇਲੇ ਉਮੀਦਵਾਰ ਤੋਂ ਨਸ਼ਾ ਨਾ ਕਰਨ ਵਾਲਾ ਹਲਫਿਆ ਬਿਆਨ ਲੈਣਾ... ਤੇ ਉਲੰਘਣਾ ਕਰਨ 'ਤੇ ਕਾਰਵਾਈ ਦੀ ਤਜਵੀਜ਼।

ਨਸ਼ਾਖੋਰੀ ਨੂੰ ਨੱਥ ਪਾਉਣ ਲਈ ਪਿਸ਼ਾਬ ਦੇ ਨਮੂਨੇ ਅਚਨਚੇਤ ਲੈਣਾ ਵੀ ਨਸ਼ਾ ਵਿਰੋਧੀ ਮੁਹਿੰਮ ਦਾ ਹਿੱਸਾ ਬਣਾਇਆ ਗਿਆ। ਤੀਜਾ ਸਭ ਤੋਂ ਅਹਿਮ ਭਾਗ ਸਕੂਲੀਂ ਸਿੱਖਿਆ ਦਾ ਰੱਖਿਆ ਗਿਆ ਏ ਜਿਸ ਮੁਤਾਬਿਕ ਹਰ ਪ੍ਰਾਇਮਰੀ ਸਕੂਲ 'ਚ ਘੱਟੋ-ਘੱਟ 5 ਅਧਿਆਪਕ-ਅਧਿਆਪਕਾਂ ਨੂੰ ਅਧਿਆਪਨ ਤੋਂ ਬਿਨ੍ਹਾਂ ਕਿਸੇ ਹੋਰ ਕੰਮਾਂ 'ਚ ਡਿਊਟੀ ਨਾ ਲਗਾਉਣਾ, ਵਾਧੂ ਕੰਮਾਂ ਲਈ ਅਸਟੇਟ ਅਫਸਰਾਂ ਦੀ ਨਿਯੁਕਤੀ...ਪੰਜ ਸਕੂਲਾਂ 'ਤੇ ਇਕ ਅਸਟੇਟ ਅਫਸਰ ਦੀ ਨਿਗਰਾਨੀ, ਨੌਂਵੀ ਤੋਂ ਬਾਅਦ ਹਰੇਕ ਬੱਚੇ ਨੂੰ ਮੁਫਤ ਲੈਪਟਾਪ ਮੁਹੱਇਆ ਕਰਵਾਉਣਾ, ਹਰੇਕ ਹਾਈ ਸਕੂਲ 'ਚ ਇਕ ਕੰਪਿਊਟਰ ਲੈਬ ਸੂਬੇ ਦੇ ਸਾਰੇ ਪ੍ਰਾਈਵੇਟ ਸਕੂਲਾਂ ਦਾ ਸਾਲਾਨਾ ਆਡਿਟ ਕਰਵਾਉਣਾ ਦੀ ਵੀ ਚੋਣ ਮੈਨੀਫੈਸਟੋ 'ਚ ਤਜਵੀਜ਼ ਰੱਖੀ ਗਈ ਏ। ਪ੍ਰਾਈਵੇਟ ਸਕੂਲਾਂ 'ਚ ਅਧਿਆਪਕਾ ਦੇ ਹੋ ਰਹੇ ਆਰਥਿਕ ਸੋਸ਼ਣ ਨੂੰ ਨੱਥ ਪਾਉਣ, ਖਾਸ ਕਾਨੂੰਨ¢ ਸਕੂਲਾਂ ਅਤੇ ਕਾਲਜਾਂ ਲਈ, ਮੁਫਤ ਬੱਸ ਸੇਵਾ, ਮਹਿਲਾਵਾਂ ਲਈ ਵੱਖਰੀ ਮੁਫਤ ਬੱਸ ਸੇਵਾ ਸ਼ੁਰੂ ਕਰਨ ਦਾ ਦਾਅਵਾ ਯੂਥ




ਮੈਨੀਫੈਸਟੋ 'ਚ ਆਮ ਆਦਮੀ ਪਾਰਟੀ ਵੱਲੋਂ ਕੀਤਾ ਗਿਆ ਏ। ਸਕੂਲੀ ਸਿੱਖਿਆ ਤੋਂ ਬਾਅਦ ਯੂਥ ਮੈਨੀਫੈਸਟੋ 'ਚ ਸਭ ਤੋਂ ਵੱਧ ਜੋਰ ਉੱਚ ਸਿੱਖਿਆ 'ਤੇ ਦਿੱਤਾ ਗਿਆ ਏ ਜਿਸ 'ਚ ਸਭ ਤੋਂ ਪਹਿਲਾਂ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਬਿਨ੍ਹਾਂ ਗਰੰਟੀ 10 ਲੱਖ ਦਾ ਲੋਨ, ਨਵੇਂ ਮੈਡੀਕਲ ਕਾਲਜ ਹਰ ਜ਼ਿਲ੍ਹੇ 'ਚ ਇਕ ਦਾ ਆਪਣਾ ਵੱਖਰਾ ਡਿਗਰੀ ਕਾਲਜ, ਮੋਹਾਲੀ 'ਚ ਫਿਲਮ ਸਿਟੀ ਇਸ ਤੋਂ ਇਲਾਵਾ ਵਰਕਿੰਗ ਪ੍ਰੋਫੈਸ਼ਨਲਸ ਲਈ ਹੋਸਟਲ ਦੀ ਤਜਵੀਜ਼ ਸਿਆਸੀ ਪ੍ਰਭਾਵ ਤੋਂ ਮੁਕਤ ਯੂਨੀਵਰਸਿਟੀਆਂ ਦੇ ਵਾਇਸ ਚਾਂਸਲਰਾਂ ਦੀ ਨਿਯੁਕਤੀ ਸਿੱਖਿਆ ਦੇ ਬਜਟ 'ਚ ਹਰ ਸਾਲ ਠੋਸ ਵਾਧਾ, ਚੋਣ ਮੈਨੀਫੈਸਟੋ 'ਚ ਖੇਡਾਂ ਨੂੰ ਵੀ ਆਮ ਆਦਮੀ ਪਾਰਟੀ ਨੇ ਕਾਫੀ ਮਹੱਤਤਾ ਦਿੱਤੀ ਏ।

ਕੇਜਰੀਵਾਲ ਵੱਲੋਂ ਕੀਤੇ ਜਾ ਰਹੇ ਇਕਰਾਰਨਾਮੇ 'ਚ ਪੰਜਾਬ ਓਲਪਿੰਕ ਮਿਸ਼ਨ ਦੀ ਸਥਾਪਨਾ ਦੀ ਤਜਵੀਜ਼ ਰੱਖੀ ਗਈ ਹੈ ਤਾਂ ਕੀ ਸੂਬੇ 'ਚੋਂ ਖਿਡਾਰੀ ਤਿਆਰ ਕਰਕੇ ਓਲਪਿੰਕ 'ਚ ਭੇਜੇ ਜਾਣ, ਹਰ ਸਕੂਲ, ਕਾਲਜ ਅਤੇ ਬਲਾਕ ਪੱਧਰ 'ਤੇ ਖਿਡਾਰੀਆਂ ਨੂੰ ਸਿਖਲਾਈ ਦੇਣ ਲਈ ਕੋਚਾਂ ਦੀ ਨਿਯੁਕਤੀ, 1 ਸਪੋਰਟਸ ਸਕੂਲ ਤੇ ਇਕ ਖੇਡ ਕਾਲਜ ਹਰ ਮਾਂਝਾ ਮਾਲਵਾ ਤੇ ਦੁਆਬਾ ਖੇਤਰ 'ਚ, ਓਲਪਿੰਕ ਪੱਧਰ 'ਤੇ ਗੋਲਡ ਮੈਡਲ ਜਿੱਤਣ ਵਾਲੇ ਨੂੰ 5 ਕਰੋੜ, ਚਾਂਦੀ ਦਾ ਤਗਮਾ ਲੈ ਕੇ ਆਉਣ ਵਾਲੇ ਨੂੰ 4 ਕਰੋੜ ਤੇ ਸਿਲਵਰ ਮੈਡਲ ਮੁਲਕ ਦੀ ਝੋਲੀ ਪਾਉਣ ਵਾਲੇ ਨੂੰ 3 ਕਰੋੜ ਦਾ ਨਕਦ ਇਨਾਮ ਦੇਣ ਦਾ ਇਕਰਾਰ ਯੂਥ ਚੋਣ ਮੈਨੀਫੈਸਟੋ 'ਚ ਕੀਤਾ ਗਿਆ ਏ।

# ਬੇਲਗਾਮ ਹੋਏ ਸ਼ਰਾਰਤੀ ਅਨਸਰ ਪੰਜਾਬ ਦਾ ਮਾਹੌਲ ਖਰਾਬ ਕਰਨ ਤੇ ਤੁਲੇ - ਬਾਬਾ ਬਲਦੇਵ ਸਿੰਘ ਜੋਗੇਵਾਲਾ

## ਗੁਰਬਾਣੀ ਅਤੇ ਕੁਰਾਨ ਸ਼ਰੀਫ ਦੀ ਬੇਅਦਬੀ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਯਤਨ - ਬਾਬਾ ਰੇਸ਼ਮ ਸਿੰਘ ਖੁਖਰਾਣਾ



ਕੁਝ ਪੰਜਾਬ ਅਤੇ ਸਮਾਜ ਵਿਰੋਧੀ ਸ਼ਕਤੀਆਂ ਆਪਸੀ ਭਾਈਚਾਰਾ ਖਰਾਬ ਕਰਨ ਤੇ ਤੁਲੀਆਂ ਹੋਈਆਂ ਹਨ। ਜਿਨ੍ਹਾਂ ਦਾ ਇਕੋ ਇਕ ਮਕਸਦ ਧਾਰਮਿਕ ਭਾਵਨਾਵਾਂ ਭੜਕਾਅ ਕੇ ਸਿਆਸੀ ਲਾਹਾ ਲੈਣਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਾਟਾਵ ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇਵਾਲਾ, ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਅਤੇ ਦਵਿੰਦਰ ਸਿੰਘ ਹਰੀਏਵਾਲਾ ਜੀ ਨੇ ਕੀਤਾ।

ਉਨ੍ਹਾਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੀ ਨਿਰਾਦਰੀ ਅਨੇਕਾਂ ਜਗ੍ਹਾ ਤੇ ਹੋਈ। ਪਿਛਲੇ ਦਿਨੀਂ ਮਲੇਰਕੋਟਲਾ ਦੀ ਧਰਤੀ ਉੱਪਰ ਰੋਜਿਆਂ ਦੇ ਪਵਿੱਤਰ ਸਮੇਂ ਕੁਰਾਨ ਸ਼ਰੀਫ ਦੀ ਬੇਅਦਬੀ ਹੋਣਾ ਅਤੇ ਪਿਛਲੇ ਇਕ ਹਫਤੇ ਦੇ ਵਿਚ ਦੋ ਵਾਰ ਭਗਤਾ ਭਾਈ ਕਾ ਵਿਖੇ ਪਵਿੱਤਰ ਗੁਰਬਾਣੀ ਦੀ ਬੇਅਦਬੀ ਅਤੇ ਅੰਗਾਂ ਉੱਪਰ ਭੱਦੀ ਸ਼ਬਦਾਵਲੀ ਲਿਖੇ ਜਾਣਾ ਇਹ ਸਿੱਧ ਕਰਦਾ ਹੈ ਕਿ ਇਸ ਪਿੱਛੇ ਬੜੀ ਹੀ ਵੱਡੀ ਤੇ ਡੂੰਘੀ ਸਿਆਸਤ ਕੰਮ ਕਰ ਰਹੀ ਹੈ। ਜੋ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਅ ਕੇ ਸਿਆਸੀ ਲਾਹਾ ਲੈਣਾ ਚਾਹੁੰਦੇ ਹਨ ਉਹ ਲੋਕ ਪੂਰੀ ਤਰ੍ਹਾਂ ਸਰਗਰਮ ਹਨ। ਇਹ ਸਾਰੀਆਂ ਗੱਲਾਂ ਇਹ ਸਿੱਧ ਕਰਦੀਆਂ ਹਨ ਕਿ ਪੰਜਾਬ ਸਰਕਾਰ ਸਿੱਖ ਵਿਰੋਧੀ ਅਤੇ ਸਮਾਜ ਵਿਰੋਧੀ ਸ਼ਕਤੀਆਂ ਦੀ ਸਰਪ੍ਰਸਤੀ ਕਰ ਰਹੀ ਹੈ। ਕਿਉਂਕਿ 1 ਜੂਨ 2015 ਨੂੰ ਬੁਰਜ ਜਵਾਹਰ ਸਿੰਘ ਵਾਲਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਚੋਰੀ ਹੋਏ। ਉਹ ਸਰੂਪਾਂ ਦੇ ਅੰਗਾਂ ਬਰਗਾੜੀ ਅਤੇ ਮੱਲਕੇ ਆਦਿ ਕਈ ਥਾਵਾਂ ਤੇ ਖਲਾਰੇ ਗਏ ਅਤੇ ਲਗਾਤਾਰ ਢਾਈ ਮਹੀਨਿਆਂ ਦੇ ਵਿਚ 62 ਜਗ੍ਹਾ ਤੇ ਬੇਅਦਬੀ ਹੋਣਾ ਤੇ ਸਰਕਾਰ ਵੱਲੋਂ ਕੋਈ ਵੀ ਦੋਸ਼ੀ ਪਕੜਿਆ ਨਾ ਜਾਣਾ ਕਿਸੇ ਨੂੰ ਵੀ ਪੁੱਛਗਿੱਛ ਦੇ ਘੇਰੇ ਵਿਚ ਨਾ ਲਿਆਉਣਾ ਇਸ ਨੂੰ ਸਰਕਾਰ ਦੀ ਅੱਤ ਨਲਾਇਕੀ ਹੀ ਕਿਹਾ ਜਾ ਸਕਦਾ ਹੈ। ਅਜਿਹੀਆਂ ਘਟਨਾਵਾਂ ਸਰਕਾਰ ਦੇ ਅਰਥੀ ਵਿਚ ਆਖਰੀ ਕਿੱਲ ਸਾਬਤ ਹੋਣਗੀਆਂ।

ਇਸ ਸਮੇਂ 'ਤੇ ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਰਕਾਰ ਤੋਂ ਆਸਾਂ ਛੱਡ ਦੇਣੀਆਂ ਚਾਹੀਦੀਆਂ ਹਨ ਕਿਉਂਕਿ ਅਸੀਂ ਸਰਕਾਰ ਨੂੰ ਬੇਨਤੀਆਂ ਕਰ-ਕਰ ਕੇ ਅੱਕ ਤੇ ਥੱਕ ਚੁੱਕੇ ਹਾਂ। ਹੁਣ ਤਾਂ ਸਿੱਖ ਸੰਗਤਾਂ ਲਈ ਆਸ ਦੀ ਕਿਰਨ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਜਥੇਦਾਰ ਹੀ ਹਨ। ਅਸੀਂ ਪੂਰੇ ਦੁਖੀ ਮਨ ਦੇ ਨਾਲ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਜਥੇਦਾਰਾਂ ਨੂੰ ਬੇਨਤੀ ਕਰਦੇ ਹਾਂ। ਇਸ ਅੱਤ ਨਾਜ਼ੁਕ ਘੜੀ ਵਿਚ ਬੜੀ ਸੂਝ-ਬੂਝ ਅਤੇ ਸਮਝਦਾਰੀ ਨਾਲ ਕੌਮ ਨੂੰ ਸਹੀ ਸੇਧ ਦੇਣ ਅਤੇ ਸੰਕਟਮਈ ਸਮੇਂ ਦੇ ਵਿਚ ਕੌਮ ਦੀ ਅਗਵਾਈ ਕਰਨ।

ਸਮੂੰਹ ਸੰਗਤਾਂ ਨੂੰ ਨਾਲ ਲੈ ਕੇ ਕੋਈ ਅਜਿਹਾ ਪ੍ਰੋਗਰਾਮ ਉਲੀਕਣ ਜਿਸ ਨਾਲ ਪੰਜਾਬ ਸਰਕਾਰ ਦੇ ਵੀ ਪੈਰ ਉੱਖੜ ਜਾਣ ਅਤੇ ਦੋਸ਼ੀਆਂ ਦੀ ਗਰਦਨ ਨੂੰ ਹੱਥ ਪਾਇਆ ਜਾ ਸਕੇ। ਅੱਗੇ ਤੋਂ ਕੋਈ ਵੀ ਸਮਾਜ ਵਿਰੋਧੀ ਅਨਸਰ ਅਜਿਹੀ ਘਿਨਾਉਣੀ ਹਰਕਤ ਕਰਨ ਤੋਂ ਪਹਿਲਾਂ ਸੋ ਵਾਰ ਸੋਚੇ। ਇਸ ਮੌਕੇ ਹਾਜ਼ਰ ਸਨ ਬਾਬਾ ਗੁਰਵਿੰਦਰ ਸਿੰਘ ਡੰਮਰੂ, ਗਿਆਨੀ ਸਤਨਾਮ ਸਿੰਘ ਜੋਗੇਵਾਲਾ, ਗਿਆਨੀ ਹਰਪ੍ਰੀਤ ਸਿੰਘ ਜੋਗੇਵਾਲਾ ਅਤੇ ਗਿਆਨੀ ਜਸਵਿੰਦਰ ਸਿੰਘ ਜੋਗੇਵਾਲਾ ਆਦਿ।

ਟੂਰਨਾਮੈਂਟ ਅਤੇ ਮੇਲਿਆਂ
ਲਈ ਵਿਸ਼ੇਸ਼ ਟੂਰਨਾਮੈਂਟ ਅਤੇ ਮੇਲਿਆਂ ਦੇ ਇਲਾਕੇ ਭਰ ਵਿਚ
ਫਲੈਕਸ ਬੋਰਡ ਲਗਾਉਣ ਲਈ
ਰੰਗਦਾਰ ਪੋਸਟਰ
ਸਟਿੱਕਰ
ਕੈਲੰਡਰ
ਛਪਵਾਉਣ ਲਈ ਸਾਡੇ ਨਾਲ ਸੰਪਰਕ ਕਰੋ।
ਅਸੀਂ ਤੁਹਾਨੂੰ ਦੇਵਾਂਗੇ
ਸਸਤੇ ਰੇਟਾਂ ਵਿਚ ਵਧੀਆ ਸਰਵਿਸ।
ਸੰਪਰਕ
ਪੰਜਾਬ ਆਰਟ
99887-76835